**ਸਾਰੰਗ ਲੋਕ ਵਿੱਚ ਵੱਖਰੀ ਤੇ ਗੰਭੀਰ ਵਰਕਸ਼ਾਪ**

# ਬਾਲ ਆਤਮ-ਸਨਮਾਨ, ਸੰਭਾਲ ਤੇ ਚੇਤਨਾ

**ਰਮਾ ਰਤਨ**

**ਗ਼ਰਮੀ**-ਰੁੱਤ ਦੀ ਬੱਚਿਆਂ ਦੀ ਵਰਕਸ਼ਾਪ ਹਰ ਸਾਲ ਵਾਂਗ ਇਸ ਵਾਰ ਵੀ 1 ਜੂਨ ਤੋ 20 ਜੂਨ ਤਕ ਸਾਰੰਗ- ਲੋਕ, ਮੁਹਾਲੀ ਵਿਖੇ ਲਗਾਈ ਗਈ। ਇਸ ਵਾਰ ਵਰਕਸ਼ਾਪ ਦਾ ਕੇਂਦਰ -ਬਿੰਦੂ ਬੱਚਿਆਂ ਅੰਦਰ ਆਤਮ-ਸਨਮਾਨ ਪੈਦਾ ਕਰਨਾ ਸੀ , ਇਸੇ ਲਈ ਇਸ ਵਰਕਸ਼ਾਪ ਦਾ ਨਾਮ ਵੀ 'ਆਤਮ-ਸਨਮਾਨ'' ਵਰਕਸ਼ਾਪ ਰੱਖਿਆ ਗਿਆ।

ਇਸ ਵਿਸ਼ੇ ਨੂੰ ਕੇਂਦਰ ਬਿੰਦੂ ਬਣਾਉਣ ਦੇ ਪਿੱਛੇ, ਸਾਰੰਗ ਦੇ ਕਾਰਕੁਨਾਂ ਅੰਦਰ ਵਸੀ ਉਹ ਚਿੰਤਾ ਸੀ ਜਿਸਨੇ ਸਾਰੇ ਦੇਸ ਨੂੰ ਇੱਕ ਵਾਰ ਹਿਲਾ ਕੇ ਰੱਖ ਦਿੱਤਾ ਸੀ, ਹਰ ਰੋਜ਼ ਅਖ਼ਬਾਰਾਂ ਵਿੱਚ, ਮੀਡੀਏ ਵਿੱਚ ਬੱਚਿਆਂ ਦੇ ਸ਼ੋਸ਼ਣ ਦੀਆਂ ਘਟਨਾਵਾਂ ਨੇ ਡਰਾ ਕੇ ਰੱਖ ਦਿੱਤਾ।ਇਸ ਵਰਕਸ਼ਾਪ ਵਿੱਚ ਬੱਚਿਆਂ ਨੂੰ ਆਪਣੀ ਸੰਭਾਲ਼ ਅਤੇ ਆਪਣੇ ਸਤਿਕਾਰ ਸੰਬੰਧੀ ਸੁਚੇਤ ਕਰਨ ਦੀ ਲੋੜ ਨੂੰ ਮਹਿਸੂਸ ਕੀਤਾ ਗਿਆ ਤੇ ਸਮੂਹ ਅਧਿਆਪਕਾਂ ਵੱਲੋਂ ਇਸ ਵਿਸ਼ੇ ਉੱਤੇ ਕਈ ਬੈਠਕਾਂ ਕਰਕੇ ਚਰਚਾ ਕੀਤੀ ਗਈ ਤੇ ਤਰੀਕੇ ਖੋਜੇ ਗਏ।

ਵਰਕਸ਼ਾਪ ਦੇ ਪਹਿਲੇ ਦਿਨ ਹੀ ਨਵੇਂ ਸਾਥੀਆਂ ਨਾਲ਼ ਮਿਲ ਕੇ ਸੰਗੀਤ ਦੀਆਂ ਸੁਰਾਂ ਛੇੜਨ ਲੱਗੇ ਤੇ ਆਪਣੀ ਮਨ ਪਸੰਦ ਦੇ ਗਾਣੇ ਗਾਉਣ ਲੱਗੇ। ਬੱਚੇ ਗਾ ਰਹੇ ਸਨ :

ਈਚਕ ਦਾਨਾ ਬੀਚਕ ਦਾਣਾ ,
ਦਾਨੇ ਉਪਰ ਦਾਨਾ
ਛੱਤ ਕੇ ਉੱਪਰ ਲੜਕੀ ਨਾਚੇ
ਲੜਕਾ ਹੈ ਦੀਵਾਨਾ

ਜਦੋਂ ਬੱਚਿਆਂ ਨੂੰ ਪੁੱਛਿਆ ਗਿਆ ਕਿ ਕੀ ਉਹਨਾਂ ਨੂੰ ਇਹ ਸੁਣਨਾ ਅੱਛਾ ਲਗਦਾ ਹੈ ਕਿ ਲੜਕੀ ਨੱਚੇ ਅਤੇ ਲੜਕਾ ਦੀਵਾਨਾ ਹੋ ਕੇ ਸੀਟੀਆਂ ਮਾਰੇ ਤਾਂ ਸਾਰੇ ਬੱਚਿਆਂ ਨੇ ਨਾਂਹ ਵਿੱਚ ਸਿਰ ਹਿਲਾਇਆ ਤੇ ਇਸ ਨੂੰ ਬਦਲ ਦੇਣ ਦੀ ਆਵਾਜ਼ ਉਠਾਈ। ਬੱਚਿਆਂ ਨੂੰ ਹੀ ਕਿਹਾ ਗਿਆ ਕਿ ਆਪਣੇ ਆਪ ਆਪਣੀ ਪਸੰਦ ਨਾਲ਼ ਨਵਾਂ ਗੀਤ ਬਣਾਉ ਤਾਂ ਬੱਚਿਆਂ ਨੇ ਝੱਟ ਹੀ ਕਈ ਪਸ਼ੂ ਪੰਛੀਆਂ ਨੂੰ ਜੋੜਨ ਉਪਰੰਤ ਆਖਰ ਵਿੱਚ

ਛੱਤ ਉਪਰ ਮੋਰ ਨੱਚੇ ,
ਤੋਤਾ ਹੈ ਦੀਵਾਨਾ

ਨੂੰ ਅੰਤਿਮ ਛੋਹ ਦੇ ਦਿੱਤੀ ਤੇ ਇਸੇ ਤਰ੍ਹਾਂ ਹੀ 'ਛੋਕਰੀ ਸ਼ਬਦ ਨੂੰ ਬਦਲ ਕੇ ਟੋਕਰੀ ਬਣਾ ਦਿੱਤਾ।

ਇਸ ਤੋਂ ਬਾਅਦ ਬੱਚੇ ਪੂਰੀ ਤਰ੍ਹਾਂ ਸੁਚੇਤ ਹੋ ਗਏ ਤੇ ਅਕਸਰ ਪ੍ਰਚਲਤ ਗਾਣਿਆਂ ਨੂੰ ਆਪਣੇ ਹਾਣ ਦੇ ਬਣਾ-ਬਣਾ ਕੇ ਗਾਉਣ ਲੱਗੇ । ਇਸ ਚੇਤਨਾ ਦੀ ਜਾਗ ਲਗਾਉਣੀ ਹੀ ਇਸ ਵਰਕਸ਼ਾਪ ਦੀ ਪ੍ਰਾਪਤੀ ਹੈ।

ਵਰਕਸ਼ਾਪ ਦੇ ਦੌਰਾਨ ਜਿੱਥੇ ਬੱਚਿਆਂ ਨੇ ਡਰਾਇੰਗ, ਪੇਂਟਿੰਗ, ਗਿੱਧਾ, ਭੰਗੜਾ, ਕੱਥਕ , ਸੰਗੀਤ ਆਦਿ ਨਾਲ਼ ਆਪਣੀ ਸੁਰ ਤਾਲ ਮਿਲਾਈ ਉੱਥੇ ਨਵੀਆਂ ਨਵੀਆਂ ਖੇਡਾਂ ਸਿਰਜ ਕੇ ਆਪਣੇ ਆਪ ਨੂੰ ਖੋਜਿਆ ਵੀ ਅਤੇ ਆਪਣੇ ਅੰਦਰ ਵਿਵਹਾਰਕ ਤਬਦੀਲੀਆਂ ਵੀ

ਲਿਆਂਦੀਆਂ। ਉਦਾਹਰਨ ਵਜੋਂ 'ਕੀ ਕਰਾਂ ਮੈਂ ਕੀ ਕਰਾਂ' ਖੇਡ ਵਿੱਚ ਇੱਕ ਬੱਚਾ ਆਪਣੀ ਕੋਈ ਸਮੱਸਿਆ ਦੱਸਦਾ ਹੈ ਅਤੇ ਉਸ ਤੋਂ ਅਗਲਾ ਬੱਚਾ ਝੱਟ ਹੀ ਉਸ ਦੀ ਮਦਦ ਕਰਕੇ ਉਸ ਦੀ ਸਮੱਸਿਆ ਦਾ ਹੱਲ ਕੱਢਦਾ ਹੈ। ਤੂੰ ਮੈਨੂੰ ਲੱਗਦਾ ਹੈਂ ਪਿਆਰਾ ਖੇਡ ਵਿੱਚ ਇੱਕ ਬੱਚੇ ਨੇ ਦੂਸਰੇ ਬੱਚੇ ਦੇ ਗੁਣਾਂ ਨੂੰ ਗਿਣਾਉਣਾ ਹੁੰਦਾ ਹੈ। ਇਸ ਤਰ੍ਹਾਂ ਜਿੱਥੇ ਬੱਚਿਆਂ ਅੰਦਰ ਇੱਕ ਦੂਜੇ ਦੇ ਚੰਗੇ ਗੁਣ ਦੇਖਣ ਦਾ ਅਭਿਆਸ ਹੁੰਦਾ ਹੈ,ਉੱਥੇ ਆਪਣੇ ਗੁਣ ਸੁਣ ਕੇ ਬੱਚੇ ਅੰਦਰ ਆਤਮ-ਸਨਮਾਨ ਵੀ ਜਾਗਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉੱਤੇ ਬੱਚਿਆਂ ਨਾਲ਼ ਰਚਾਏ ਸੰਵਾਦ ਨੇ ਬੱਚਿਆਂ ਅੰਦਰ ਜਾਦੂਈ ਤਬਦੀਲੀ ਲਿਆਂਦੀ। ਸ਼ਹੀਦੀ ਦਿਵਸ ਨਾਲ਼ ਜੁੜੀ ਠੰਡੇ-ਮਿੱਠੇ ਸ਼ਰਬਤ ਦੀ ਛਬੀਲ ਦੇ ਅਰਥਾਂ ਨੂੰ ਸਮਝਾਉਂਦੇ ਹੋਏ ਜਦੋਂ ਇਸ ਨਿਰਣੇ ਉੱਤੇ ਪਹੁੰਚੇ ਕਿ ਗੁੱਸੇ ਨੂੰ ਗੁੱਸੇ ਨਾਲ਼ ਨਹੀਂ ਕੱਟਿਆ ਜਾ ਸਕਦਾ, ਸਗੋਂ ਹੋਸ਼ ਵਿੱਚ ਆ ਕੇ ਠੰਡੇ ਦਿਮਾਗ਼ ਨਾਲ਼ ਫ਼ੈਸਲੇ ਲੈਣ ਦੀ ਲੋੜ ਹੁੰਦੀ ਹੈ,ਇਸ ਸੁਨੇਹੇ ਨੂੰ ਦੇਣ ਲਈ ਛਬੀਲਾਂ ਲਗਾਉਣ ਦੀ ਪਿਰਤ ਪਾਈ ਗਈ। ਬੱਚਿਆਂ ਨੇ ਇਸ ਸੁਨੇਹੇ ਨੂੰ ਨਾ ਕੇਵਲ ਸਮਝਿਆ ਹੀ ਸਗੋਂ ਆਪਣੇ ਉਪਰ, ਇੱਕ ਦੂਜੇ ਉਪਰ ਅਤੇ ਆਪਣੇ ਮਾਪਿਆਂ ਉਪਰ ਵੀ ਇਸ ਵਿਵਹਾਰ ਨੂੰ ਵਰਤੋਂ ਵਿੱਚ ਲਿਆਂਦਾ। ਗੁੱਸੇ ਦੇ ਮਾਹੌਲ ਨੂੰ ਠੰਡੇ ਪਾਣੀ ਦੇ ਗਿਲਾਸ ਨਾਲ਼ ਨਾ ਕੇਵਲ ਘਟਾਇਆ ਹੀ ਸਗੋਂ ਗਿਲੇ-ਸ਼ਿਕਵੇ ਦੂਰ ਕਰਨ ਦਾ ਤਰੀਕਾ ਵੀ ਲੱਭ ਲਿਆ।

ਇਸੇ ਤਰ੍ਹਾਂ ਹੀ ਬੱਚਿਆਂ ਨਾਲ਼ ਬੈਠ ਕੇ ਉਹਨਾਂ ਨਾਲ਼ ਪ੍ਰਗਟਾਏ ਜਾ ਰਹੇ ਮੋਹ ਪਿਆਰ ਬਾਰੇ ਵੀ ਖੁੱਲ੍ਹ ਕੇ ਗੱਲਾਂ ਕੀਤੀਆਂ ਗਈਆਂ ਤੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਕਿ ਬੱਚਿਆਂ ਨੂੰ ਆਪਣੇ ਸਰੀਰ ਦੇ ਕਿਹੜੇ ਕਿਹੜੇ ਹਿੱਸਿਆਂ ’ਤੇ ਕੀਤਾ ਪਿਆਰ ਚੰਗਾ ਲਗਦਾ ਹੈ ਤੇ ਕਿਹੜੇ ਹਿੱਸਿਆਂ ’ਤੇ ਕੀਤਾ ਪਿਆਰ ਛੇੜਖਾਨੀ ਲਗਦਾ ਹੈ ਤੇ ਭੱਦਾ ਲੱਗਦਾ ਹੈ ? ਇਸ ਤਰ੍ਹਾਂ ਦੇ ਸੰਵਾਦ ਨਾਲ਼ ਬੱਚਿਆਂ ਨੂੰ ਸੁਚੇਤ ਕੀਤਾ ਗਿਆ ਕਿ ਉਹਨਾਂ ਦਾ ਆਪਣਾ ਸਰੀਰ ਬਹੁਤ ਅਮੁੱਲਾ ਹੈ ਉਹਨਾਂ ਦੀ ਮਰਜ਼ੀ ਤੋਂ ਬਿਨਾਂ ਕੋਈ ਵੀ ਉਹਨਾਂ ਨੂੰ ਛੂਹਣ ਦਾ ਹੱਕ ਨਹੀਂ ਰੱਖਦਾ। ਜਦੋਂ ਵੀ ਕੋਈ ਛੋਹ ਬੇਚੈਨ ਕਰੇ ਤਾਂ ਇੱਕਦਮ ਝਟਕਣ ਦਾ ਹੱਕ ਬੱਚਿਆਂ ਕੋਲ਼ ਹੈ ਜਿਸ ਨੂੰ ਵਰਤਣ ਲਈ ਝਿਜਕਣ ਦੀ ਲੋੜ ਨਹੀਂ ਹੁੰਦੀ। ਚੰਗੀ ਛੋਹ ਤੇ ਬੁਰੀ ਛੋਹ ਨੂੰ ਪਛਾਣਨਾ ਜ਼ਰੂਰੀ ਹੈ।

ਇਸ ਸੰਵਾਦ ਉਪਰੰਤ ਜਦੋਂ ਬੱਚਿਆਂ ਵੱਲੋਂ ਆਪਣੇ ਪ੍ਰਾਈਵੇਟ ਹਿੱਸਿਆਂ ਦੀ ਪਛਾਣ ਕਰ ਲਈ ਗਈ ਤਾਂ ਕੁਝ ਸ਼ਰਾਰਤੀ ਬੱਚਿਆਂ ਦਾ ਹਾਸੇ-ਹਾਸੇ ਵਿੱਚ ਕੀਤਾ ਸੁਆਲ ਕਿ ਜੇਕਰ ਪ੍ਰਾਈਵੇਟ ਹਿੱਸੇ ਇਹ ਹਨ ਤਾਂ ਸਰਕਾਰੀ ਹਿੱਸੇ ਕਿਹੜੇ ਹਨ? ਇਸ ਮਖੌਲੀਆ ਸੁਆਲ ਨੂੰ ਵੀ ਮਾਹਿਰਾਂ ਵੱਲੋਂ ਗੰਭੀਰਤਾ ਨਾਲ਼ ਲਿਆ ਗਿਆ ਅਤੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਗਈ ਕਿ ਸਾਡੇ ਸਰੀਰ ਦੀਆਂ ਪੰਜੇ ਇੰਦਰੀਆਂ, ਅੱਖ, ਨੱਕ, ਕੰਨ ,ਜੁਬਾਨ , ਚਮੜੀ ਆਦਿ ਰਾਹੀਂ ਦੇਖ ਕੇ, ਸੁੰਘ ਕੇ, ਸੁਣ ਕੇ, ਚੱਖ ਕੇ ਅਤੇ ਛੋਹ ਕੇ ਅਰਥਾਤ ਸ਼ਬਦ, ਸਪਰਸ਼, ਰੂਪ, ਰਸ, ਗੰਧ ਰਾਹੀਂ ਸਦਉਪਯੋਗ ਅਤੇ ਦੁਰਉਪਯੋਗ ਨੂੰ ਸਮਝਣ ਦੀ ਸਮਰੱਥਾ ਪੈਦਾ ਕਰਨੀ ਹੀ ਸਰੀਰ ਦੇ ਸਰਕਾਰੀ (ਆਮ ਸਾਧਾਰਨ) ਹਿੱਸਿਆਂ ਦਾ

ਕਾਰਜ ਹੈ। ਇਸ ਤਰ੍ਹਾਂ ਬੱਚਿਆਂ ਨਾਲ਼ ਰਚਾਏ ਇਸ ਸੰਵਾਦ ਨਾਲ਼ ਆਲ਼ੇ-ਦੁਆਲ਼ੇ ਵਿੱਚ ਹੋ ਰਹੇ ਬੱਚਿਆਂ ਦੇ ਸ਼ੋਸ਼ਣ ਪ੍ਰਤੀ ਉਹਨਾਂ ਨੂੰ ਸੁਚੇਤ ਕੀਤਾ ਗਿਆ। ਪਿਆਰ ਅਤੇ ਹਵਸ ਦੇ ਫਰਕ ਨੂੰ ਸਮਝਣ ਲਈ ਚੇਤੰਨ ਕੀਤਾ ਗਿਆ।

ਇੱਥੇ ਇਹ ਵੀ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸਾਡੇ ਵੱਡਿਆਂ ਦੇ ਮਨਾਂ ਵਿੱਚ ਕਿਤੇ ਥੋੜ੍ਹਾ ਬਹੁਤ ਇਹ ਡਰ ਵੀ ਸੀ ਕਿ ਕਿਧਰੇ ਬੱਚੇ ਆਪਣੇ ਸੱਚੇ ਪਿਆਰਿਆਂ, ਮਾਪਿਆਂ ਆਦਿ ਤੋਂ ਨਿਰਮੋਹੇ ਨਾ ਹੋ ਜਾਣ.. ਪਰ ਬੜੀ ਹੀ ਤਸੱਲੀ ਹੋਈ ਜਦੋਂ ਬਹੁਤ ਸਾਰੇ ਮਾਪਿਆਂ ਨੇ ਉਚੇਚਾ ਆ ਕੇ ਸਾਡਾ ਧੰਨਵਾਦ ਕੀਤਾ ਤੇ ਕਿਹਾ ਕਿ ਜੋ ਕੁਝ ਤੁਸੀਂ ਬੱਚਿਆਂ ਨੂੰ ਸਮਝਾ ਦਿੱਤਾ ਹੈ ਸ਼ਾਇਦ ਇਹ ਸਾਡੇ ਵੱਸ ਨਹੀਂ ਸੀ।

ਇਸੇ ਤਰਾਂ ਹੀ ਇਸ ਵਰਕਸ਼ਾਪ ਦੇ ਉਦੇਸ਼ ਨੂੰ ਪੂਰਨ ਲਈ ਜ਼ਰੂਰੀ ਸੀ ਕਿ ਇਹ ਅਹਿਸਾਸ ਜਗਾਇਆ ਜਾਵੇ ਕਿ ਸਾਰੇ ਜੀਵਾਂ ਵਿੱਚੋਂ ਉੱਤਮ ਜੀਵ ਮਨੁੱਖ ਹੈ। ਇਸ ਸੰਬੰਧੀ ਵੀ ਕਈ ਤਰ੍ਹਾਂ ਦੀਆਂ ਖੇਡਾਂ ਖੇਡੀਆਂ ਗਈਆਂ। ਭਾਵੇਂ ਬੱਚੇ ਆਪਣੀ ਪਰੀਕਲਪਨਾ ਵਿੱਚ ਵੱਖ-ਵੱਖ ਜਾਨਵਰਾਂ- ਪੰਛੀਆਂ ਦਾ ਰੂਪ ਧਾਰਨਾ ਪਸੰਦ ਕਰਦੇ ਹਨ ਇਸ ਜੀਵ ਜਗਤ ਨਾਲ਼ ਮੋਹ ਵੀ ਰੱਖਦੇ ਹਨ ਅਤੇ ਇਸ ਖ਼ੁਸ਼ੀ ਨੂੰ ਮਾਣਦੇ ਵੀ ਹਨ,ਸੋ ਸਾਡੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ ਕਿ ਬੱਚਿਆਂ ਦੀ ਇਸ ਸੰਵੇਦਨਸ਼ੀਲਤਾ ਨੂੰ ਬਰਕਰਾਰ ਰੱਖਦੇ ਹੋਏ ਉਹਨਾਂ ਦੀ ਮੌਲਿਕਤਾ ਨੂੰ ਉਚਿਆਉਣਾ ਹੈ ਪਰ ਜੀਵ-ਜਗਤ ਨੂੰ ਨੀਵਿਆਉਣਾ ਨਹੀਂ। ਇਸ ਪ੍ਰਕਿਰਿਆ ਵਿੱਚ ਜੋ ਖੇਡ ਅਤੇ ਗੀਤ ਬਣੇ ਉਹ ਕੁਝ ਇਸ ਪ੍ਰਕਾਰ ਹਨ:

ਮੈਂ, ਮੈਂ ਹੀ ਕਿਉਂ ਹਾਂ?
ਮੈਂ ਕਿਉਂ ਨਹੀਂ ਬਾਂਦਰ ? ਕਿਉਂਕਿ
ਮੈਂ ਤਾਂ ਪਿਆਰਾ ਬੱਚਾ ਹਾਂ
ਸ਼ੈਤਾਨ ਨਹੀਂ ਮੇਰੇ ਅੰਦਰ ,
ਇਸੇ ਤਰ੍ਹਾਂ
ਮੈਂ ਕਿਉਂ ਨਹੀਂ ਚਿੜੀ?
ਕਿਉਂਕਿ
ਮੈਂ ਬਹਾਦਰ ਬੱਚੀ ਹਾਂ
ਮੈਂ ਨਹੀਂ ਵਿਚਾਰੀ,
ਆਦਿ ਆਦਿ।

ਜੀਵ ਜਗਤ ਲਈ ਬੱਚੇ ਕਹਿੰਦੇ ਹਨ:
ਇਹ ਤਾਂ ਸਾਰੇ ਦੋਸਤ ਨੇ
ਮੇਰੇ ਪਿਆਰੇ ਪਿਆਰੇ
ਵੰਨ-ਸੁਵੰਨੇ ਰੰਗ-ਬਰੰਗੇ, ਰਾਜ ਦੁਲਾਰੇ

ਮੇਰੇ ਕੋਲ਼ ਦਿਮਾਗ਼ ਹੈ/ ਮੇਰੇ ਕੋਲ਼ ਭਾਸ਼ਾ ਹੈ/ਮੇਰੇ ਕੋਲ ਸਭਿਆਚਾਰ ਹੈ / ਮੇਰੇ ਕੋਲ਼ ਪਿਆਰ ਹੈ ਆਦਿ ਆਦਿ।

ਇੰਝ ਬੱਚੇ ਆਪਣੇ ਮਾਨਵੀ ਗੁਣਾਂ ਨਾਲ਼ ਜੁੜ ਕੇ ਆਪਣੇ ਆਪ ਨੂੰ ਸਿਆਣੇ ਜੀਵ ਮੰਨਣ ਲੱਗੇ ਤੇ ਆਪਣੇ ਖ਼ਾਸ ਗੁਣਾਂ ਦਿਮਾਗ਼ , ਭਾਸ਼ਾ, ਪਿਆਰ, ਸਭਿਆਚਾਰ ਪ੍ਰਤੀ ਮਾਣ ਮੱਤੇ ਹੋਏ।

ਜਿਵੇਂ ਕਿ ਹਰ ਵਾਰ ਮਾਪਿਆਂ ਨੂੰ ਇਹ ਸਪਸ਼ਟ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਵਰਕਸ਼ਾਪ ਦੌਰਾਨ ਸਾਡੀ ਕੋਸ਼ਿਸ਼ ਹੁੰਦੀ ਹੈ ਕਿ

ਹਰ ਬੱਚਾ ਹਰ ਤਰ੍ਹਾਂ ਦੀ ਕਲਾ ਨਾਲ਼ ਜੁੜਿਆ ਹੋਵੇ, ਜੀਵਨ ਨੂੰ ਖਾਨਿਆ ਵਿੱਚ ਦੇਖਣ ਦੀ ਦ੍ਰਿਸ਼ਟੀ ਨਾ ਬਣਾਏ। ਇਸੇ ਲਈ ਸਾਡੀ ਵੀ ਇਹ ਕੋਸ਼ਿਸ਼ ਹੁੰਦੀ ਹੈ ਕਿ ਕਲਾ ਦੇ ਸਾਰੇ ਰੂਪਾਂ ਨੂੰ ਇੱਕ ਸੂਤਰ ਵਿੱਚ ਪਰੋਇਆ ਜਾਵੇ।

ਇਸ ਵਾਰ ਬੱਚਿਆਂ ਨੇ ਜੋ ਨਾਟਕ ਬਣਾਇਆ ਉਸ ਨੂੰ ਸਾਰੀਆਂ ਕਲਾਵਾਂ ਨਾਲ਼ ਸ਼ਿੰਗਾਰਿਆ ਗਿਆ । ਨਾਟਕ ਕਰਨਲ ਜਸਬੀਰ ਭੁੱਲਰ ਦੀ ਕਹਾਣੀ 'ਜਾਦੂ ਦਾ ਰੁੱਖ' ਨੂੰ ਆਧਾਰ ਬਣਾ ਕੇ ਬੱਚਿਆਂ ਨਾਲ਼ ਵਿਚਾਰਿਆ ਗਿਆ । ਇੱਕ ਦਰਖ਼ਤ ਦੇ ਹੇਠਾਂ ਮਨੁੱਖ ਆ ਕੇ ਜਾਨਵਰ ਬਣ ਜਾਂਦਾ ਹੈ। ਹੁਣ ਇਸ ਮਸਲੇ ਨੂੰ ਹੱਥ ਪਾਉਣ ਤੋਂ ਪਹਿਲਾਂ ਜ਼ਰੂਰੀ ਸੀ ਕਿ ਬੱਚਿਆਂ ਨਾਲ਼ ਵਿਸਤਾਰ ਵਿੱਚ ਵਿਚਾਰ ਕੀਤਾ ਜਾਵੇ ਅਤੇ ਮਨੁੱਖੀ ਵਰਤਾਰੇ ਅਤੇ ਜਾਨਵਰੀ ਵਰਤਾਰੇ ਉੱਤੇ ਚਰਚਾ ਕੀਤੀ ਜਾਵੇ। ਮਨੁੱਖ ਆਪਣੇ ਜੀਵਨ -ਢੰਗ ਨਾਲ਼ ਹੀ ਪਛਾਣਿਆ ਜਾਂਦਾ ਹੈ ।

ਇਸ ਸੰਵਾਦ ਵਿੱਚੋਂ ਹੀ ਲਾਈ-ਲੱਗ ਕਿਸਮ ਦੇ ਬੰਦੇ ਭੇਡੂ, ਆਲਤੂ-ਫਾਲਤੂ, ਪਦਾਰਥੂ, ਸਰੀਰਕ ਮਾਨਸਿਕ ਬੋਝ ਚੁੱਕਣ ਵਾਲ਼ੇ ਗਧੇ, ਗੁੱਸੇ ਵਿੱਚ ਫੁੰਕਾਰੇ ਮਾਰਨ ਵਾਲ਼ੇ ਵਿਵਹਾਰ ਨੂੰ ਸੱਪ ਨਾਲ਼ ਤੁਲਨਾਇਆ ਗਿਆ । ਇਸੇ ਤਰ੍ਹਾਂ ਕਾਂ ਨੂੰ ਚਲਾਕ ,ਚਿੜੀ ਨੂੰ ਭੋਲ਼ੀ ਵਿਚਾਰੀ , ਕਬੂਤਰ ਨੂੰ ਡਰਪੋਕ,ਸ਼ੇਰ ਨੂੰ ਜ਼ਾਲਮ ਆਦਿ ਰੂਪਾਂ ਵਿੱਚ ਪਛਾਣਿਆ, ਨਾਟਕ 'ਚ ਸੂਤਰਧਾਰ ਬਾਰ ਬਾਰ ਆ ਕੇ ਨਿਹੋਰਾ ਦਿੰਦੇ ਹਨ:

ਸੋਚ ਜਰਾ ਤੂੰ ਸੋਚ ਜਰਾ
ਆਪਣਾ ਆਪ ਖੋਜ ਜਰਾ।
ਕਿੱਥੇ ਤੇਰਾ ਆਪਣਾ ਆਪ
ਕਿੱਥੇ ਤੇਰਾ ਆਤਮ ਸਨਮਾਨ

ਵੱਖ ਵੱਖ ਜਾਨਵਰੀ ਰੂਪਾਂ ਦੇ ਦ੍ਰਿਸ਼ਾਂ ਵਿੱਚ ਬੱਚਿਆਂ ਵੱਲੋਂ ਕੁਝ ਲੋਕ -ਖੇਡਾਂ ਸ਼ਾਮਿਲ ਕੀਤੀਆਂ ਗਈਆਂ ਹਰਾ ਸਮੁੰਦਰ, ਭੰਡਾ ਭੰਡਾਰੀਆ,ਰਾਜਾ ਮੰਗੇ ਬੱਕਰੀ ਅਤੇ ਸਪੇਰਾ ਆਦਿ ਖੇਡਾਂ ਨਾਟਕ ਦੇ ਦ੍ਰਿਸ਼ਾਂ ਦਾ ਹਿੱਸਾ ਸਨ।

ਮਾਪਿਆਂ ਦੀ ਅਕਸਰ ਇਹ ਸ਼ਿਕਾਇਤ ਰਹਿੰਦੀ ਹੈ ਕਿ ਅੱਜ ਦੇ ਬੱਚਿਆਂ ਅੰਦਰ ਗੁੱਸਾ ਵਧਦਾ ਜਾਂਦਾ ਹੈ । ਇਸ ਮਸਲੇ ਨੂੰ ਨਾਟਕ ਦੇ ਤੀਜੇ ਦ੍ਰਿਸ਼ ਵਿੱਚ ਸੱਪ ਦੇ ਫੁੰਕਾਰਿਆਂ ਰਾਹੀਂ ਪੇਸ਼ ਕੀਤਾ ਗਿਆ ਹਰ ਵੇਲ਼ੇ ਨੱਕ ਉਤੇ ਧਰਿਆ ਗੁੱਸਾ ਅੰਦਰ ਜ਼ਹਿਰ ਬਣ ਕੇ ਫ਼ੈਲਦਾ ਹੈ। ਐਸੇ ਗੁੱਸੇ ਲਈ ਮਨੁੱਖ ਸੱਪ ਦੀ ਪ੍ਰਿਵਿਰਤੀ ਨਾਲ਼ ਜਿਉਂਦੇ ਹਨ , ਜਿਨ੍ਹਾਂ ਨੂੰ ਕੀਲਣ ਲਈ ਸੁਰਾਂ ਦੀ ਲੋੜ ਪੈਂਦੀ ਹੈ । ਸੁਰਮਈ ਹੋਣ ਨਾਲ਼ ਗੁੱਸੇ ਉਤੇ ਕਾਬੂ ਪਾਇਆ ਜਾ ਸਕਦਾ ਹੈ । ਇਸੇ ਲਈ ਬੀਨ ਦੀਆਂ ਧੁਨਾਂ ਸੁਰਮਈ ਹੋਣ ਵੱਲ ਸੰਕੇਤ ਕਰਦੀਆਂ ਹਨ ਅਤੇ ਸੂਤਰਧਾਰਾਂ ਦਾ ਇਹ ਸੁਨੇਹਾ:

ਲਹੂ ਜੋ ਸਾਡਾ ਅੰਮ੍ਰਿਤ ਵਰਗਾ,

ਐਵੇਂ ਨਹੀਂ ਇਸ ਨੂੰ ਸਾੜੀ ਦਾ
ਇੱਕ ਦੂਜੇ 'ਤੇ ਗੁੱਸਾ ਕਰਕੇ ,
ਜ਼ਹਿਰ ਨਹੀਂ ਇਸ ਵਿੱਚ ਵਾੜੀ ਦਾ।

ਸੱਚ ਦਾ ਸਾਹਮਣਾ ਨਾ ਕਰ ਸਕਣ ਵਾਲ਼ੇ ਮਨੁੱਖ ਅਕਸਰ ਉਸ ਸ਼ੀਸ਼ੇ ਨੂੰ ਭੰਨਦੇ ਹਨ ਜੋ ਸੱਚ ਬੋਲਦਾ ਹੈ। ਇਸ ਨਾਟਕ ਵਿੱਚ ਵੀ ਮਖੌਟੇ ਪਾ ਕੇ ਜਿਊਣ ਵਾਲ਼ੇ , ਜਾਨਵਰੀ ਪ੍ਰਵਿਰਤੀ ਰੱਖਣ ਵਾਲ਼ੇ ਮਨੁੱਖ ਇਕੱਠੇ ਹੋ ਕੇ ਉਸ ਦਰਖ਼ਤ ਨੂੰ ਵੱਢਣ ਦਾ ਫ਼ੈਸਲਾ ਕਰਦੇ ਹਨ , ਜਾਦੂਈ ਦਰਖ਼ਤ ਕਦੇ ਡਾਂਡੀਆਂ ਕਰ ਰਹੇ, ਕਦੇ ਸਮਕਾਲੀ ਨ੍ਰਿਤ ਕਰਦੇ, ਕਦੇ ਨੰਨ੍ਹੇ-ਮੁੰਨਿਆਂ ਦੀ ਮੌਜ ਮਸਤੀ ਨ੍ਰਿਤ ਕਰ ਰਹੇ ਬੱਚਿਆਂ ਵਿੱਚ ਲੁਕਦਾ ਫਿਰਦਾ ਹੈ ਅਤੇ ਅੰਤ ਵਿੱਚ ਨੰਨ੍ਹੇ -ਮੁੰਨਿਆਂ ਨੂੰ ਆਪਣੇ ਅੰਦਰ ਲੁਕਾਉਣ ਲਈ ਮਨਾ ਕੇ ਖ਼ੁਸ਼ਬੂ ਦਾ ਰੂਪ ਧਾਰ ਲੈਂਦਾ ਹੈ। ਚੁਫ਼ੇਰੇ ਫੈਲੀ ਖ਼ੁਸ਼ਬੂ ਨੂੰ ਮਖੌਟਾ ਧਾਰੀ ਮਨੁੱਖ ਵੀ ਗ੍ਰਹਿਣ ਕਰਦੇ ਹਨ ਤੇ ਬੱਚੇ ਉਹਨਾਂ ਨੂੰ ਆਪਣੇ ਵਿੱਚ ਰਲਾ ਲੈਂਦੇ ਹਨ।

ਸੋਚ ਜਰਾ ਤੂੰ ਸੋਚ ਜਰਾ, ਆਪਣਾ ਆਪ ਤੂੰ ਖੋਜ ਜਰਾ ਨੂੰ ਗਾਉਂਦੇ ਹੋਏ ਸਾਰੇ ਬੱਚੇ ਆਖ਼ਰ ਵਿੱਚ ਖ਼ੁਸ਼ੀ ਨਾਲ਼ ਭੰਗੜਾ ਪਾਉਂਦੇ ਹਨ ਅਤੇ ਆਪਣੇ ਨਾਲ਼ ਹੀ ਸਾਰੇ ਦਰਸ਼ਕਾਂ ਨੂੰ ਵੀ ਰਲਾ ਲੈਂਦੇ ਹਨ।

ਅਜਿਹੀਆਂ ਸਖਸ਼ੀਅਤ ਉਸਾਰੀ ਵਰਕਸ਼ਾਪਾਂ ਰਾਹੀਂ ਸਾਨੂੰ ਵੱਡਿਆਂ ਨੂੰ ਵੀ ਜੋ ਬਾਲ-ਮਨੋਵਿਗਿਆਨ ਦੀ ਸਮਝ ਬਣਦੀ ਹੈ ਸ਼ਾਇਦ ਹੀ ਆਮ ਜੀਵਨ ਵਿੱਚ ਉਹਨਾਂ ਬਰੀਕ ਤੇ ਗੰਭੀਰ ਸੰਵੇਦਨਾਵਾਂ ਦਾ ਅਹਿਸਾਸ ਹੋ ਸਕੇ। ਇਸ ਦੀ ਗੰਭੀਰਤਾ ਨੂੰ ਬਰਕਰਾਰ ਰੱਖਣ ਵਿੱਚ, ਵਿਚਾਰਾਤਮਕ ਸਪਸ਼ਟਤਾ ਨੂੰ ਡੋਲਣ ਨਾ ਦੇਣ ਵਿੱਚ ਅਤੇ ਸੁਭਾਵਿਕ ਤੌਰ ਉੱਤੇ ਉਠ ਸਕਣ ਵਾਲ਼ੇ ਖਦਸ਼ਿਆਂ ਅਤੇ ਚੁਣੌਤੀਆਂ ਪ੍ਰਤੀ ਸੁਚੇਤ ਕਰਦੇ ਰਹਿਣ ਵਿੱਚ ਸਾਰੰਗ ਲੋਕ ਕਾਰਜਕਾਰੀ ਡਾਇਰੈਕਟਰ ਅਕਸ਼ਿਪਤਿਕਾ ਰਤਨ ਅਤੇ ਉਪ ਪ੍ਰਧਾਨ ਡਾ. ਬ.ਸ. ਰਤਨ ਦਾ ਬੜਾ ਵੱਡਾ ਯੋਗਦਾਨ ਰਿਹਾ ਹੈ ।

ਇਸ ਸਭ ਕੁਝ ਦੇ ਲਈ ਸਾਰੰਗ ਵੱਲੋਂ ਜਿੱਥੇ ਮੈਂ ਸਮੂਹ ਬੱਚਿਆਂ, ਮਾਪਿਆਂ ਦੀ ਧੰਨਵਾਦੀ ਹਾਂ, ਉੱਥੇ ਸਾਰੰਗ ਦੇ ਅਧਿਆਪਕਾਂ, ਅਮਰਜੀਤ, ਅਲਕਾ, ਰਘਬੀਰ ਭੁੱਲਰ, ਅਰਚਿਤਾ, ਸੁਮਨ, ਜਸਪ੍ਰੀਤ,ਜੈਦੀਪ, ਜਿਨ੍ਹਾਂ ਨੇ ਬੱਚਿਆਂ ਨਾਲ਼ ਮਾਸੀ, ਭੂਆ, ਚਾਚਾ, ਮਾਮਾ, ਵੀਰੇ, ਭੈਣ ਦੇ ਰਿਸ਼ਤੇ ਦੀ ਸਾਂਝ ਪਾਈ, ਦੀ ਤਹਿ ਦਿਲੋਂ ਧੰਨਵਾਦੀ ਹਾਂ।

ਵਰਕਸ਼ਾਪ ਦੇ ਸਮਾਪਤੀ ਸਮਾਰੋਹ ਸਮੇਂ ਨਾਮਵਰ ਲੇਖਕਾਂ, ਸਮਾਜਸੇਵੀਆਂ, ਅਧਿਕਾਰੀਆਂ ਦੀ ਸਰਪ੍ਰਸਤੀ ਨਾਲ਼ ਉਪਰੋਕਤ ਸੋਚ ਅਤੇ ਕਾਰਜ ਨੂੰ ਉਤਸ਼ਾਹ ਮਿਲਿਆ।

❖